# ਅਧਿਆਇ 2

# ਭੂਮਿਕਾ

## (ਭਾਗ 2)

ਅੱਯੂਬ ਨੇ ਸ਼ਤਾਨ ਦੇ ਪਹਿਲੇ ਪਰਤਾਵੇ ਨੂੰ ਸਫ਼ਲਤਾਪੂਰਵਕ ਝੱਲਿਆ। ਉਸ ਦੀ ਜਾਇਦਾਦ ਅਤੇ ਉਸ ਦੇ ਬੱਚਿਆਂ ਦਾ ਨੁਕਸਾਨ ਹੋਣ ਕਾਰਣ ਵੀ ਉਸ ਨੇ ਆਪਣੇ ਪਰਮੇਸ਼ੁਰ ਨੂੰ ਨਹੀਂ ਫਿਟਕਾਰਿਆ। ਪਰ, ਜਿਵੇਂ ਯਿਸੂ ਦੇ ਪਰਤਾਵੇ ਵਿਚ ਸੀ, ਸ਼ਤਾਨ ਕਦੇ ਵੀ ਉਸ ਦੀ ਭਾਲ ਵਿਚ ਤਿਆਗਦਾ ਨਹੀਂ ਹੈ। ਉਹ ਆਪਣੇ ਪਰਤਾਵੇ ਨੂੰ ਜਾਰੀ ਰੱਖਣ ਲਈ ਹਮੇਸ਼ਾ "ਇਕ ਸਹੀ ਸਮੇਂ" ਦੀ ਭਾਲ ਕਰੇਗਾ (ਲੂਕਾ 4:13)। ਇਸ ਤਰ੍ਹਾਂ ਅਸੀਂ ਦੂਜੇ ਅਤੇ ਉਸ ਤੋਂ ਗੰਭੀਰ ਪਰਤਾਵੇ ਵੱਲ ਆਉਂਦੇ ਹਾਂ ਜਿਸ ਵਿਚ ਭਿਆਣਕ ਸਰੀਰਕ ਕਸ਼ਟ ਸ਼ਾਮਲ ਹੁੰਦਾ ਹੈ।

## ਹਰ ਮਨੁੱਖ ਦੀ ਆਪਣੀ ਕੀਮਤ ਹੁੰਦੀ ਹੈ (2:1-6)

**[1]ਫੇਰ ਐਉਂ ਹੋਇਆ ਕਿ ਜਦ ਪਰਮੇਸ਼ੁਰ ਦੇ ਪੁੱਤ੍ਰ ਆਏ ਕਿ ਆਪਣੇ ਆਪ ਨੂੰ ਯਹੋਵਾਹ ਦੇ ਸਨਮੁਖ ਹਾਜ਼ਰ ਕਰਨ ਤਾਂ ਸ਼ਤਾਨ ਵੀ ਉਨ੍ਹਾਂ ਦੇ ਵਿੱਚ ਆਇਆ ਭਈ ਉਹ ਵੀ ਆਪਣੇ ਆਪ ਨੂੰ ਯਹੋਵਾਹ ਦੇ ਸਨਮੁਖ ਹਾਜ਼ਰ ਕਰੇ। [2]ਯਹੋਵਾਹ ਨੇ ਸ਼ਤਾਨ ਨੂੰ ਆਖਿਆ, ਤੂੰ ਕਿੱਥੋਂ ਆਇਆ ਹੈਂ? ਸ਼ਤਾਨ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ ਕਿ ਪਿਰਥਵੀ ਵਿੱਚ ਘੁੰਮ ਫਿਰ ਕੇ ਅਤੇ ਉਹ ਦੇ ਵਿੱਚ ਸੈਲ ਕਰ ਕੇ ਆਇਆ ਹਾਂ। [3]ਤਾਂ ਯਹੋਵਾਹ ਨੇ ਸ਼ਤਾਨ ਨੂੰ ਆਖਿਆ, ਕੀ ਤੈਂ ਮੇਰੇ ਦਾਸ ਅੱਯੂਬ ਵੱਲ ਵੀ ਆਪਣੇ ਮਨ ਵਿੱਚ ਗੌਹ ਕੀਤਾ ਕਿਉਂ ਜੋ ਪਿਰਥਵੀ ਵਿੱਚ ਉਹ ਦੇ ਜਿਹਾ ਕੋਈ ਨਹੀਂ। ਉਹ ਖਰਾ ਤੇ ਨੇਕ ਮਨੁੱਖ ਹੈ ਜੋ ਪਰਮੇਸ਼ੁਰ ਤੋਂ ਡਰਦਾ ਅਤੇ ਬੁਰਿਆਈ ਤੋਂ ਦੂਰ ਰਹਿੰਦਾ ਹੈ ਭਾਵੇਂ ਤੈਂ ਮੈਨੂੰ ਚੁੱਕਿਆ ਕਿ ਮੈਂ ਧਗਾਣੇ ਉਸ ਨੂੰ ਨਾਸ ਕਰਾਂ ਅੱਜ ਤੀਕ ਉਸ ਨੇ ਆਪਣੀ ਖਰਿਆਈ ਨੂੰ ਤਕੜਾ ਕਰ ਕੇ ਫੜਿਆ ਹੋਇਆ ਹੈ। [4]ਸ਼ਤਾਨ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ ਕਿ ਖੱਲ ਦੇ ਬਦਲੇ ਖੱਲ ਸਗੋਂ ਮਨੁੱਖ ਆਪਣਾ ਸਭ ਕੁਝ ਆਪਣੇ ਪ੍ਰਾਣਾਂ ਲਈ ਦੇ ਦੇਵੇਗਾ। [5]ਆਪਣਾ ਹੱਥ ਵਧਾ ਕੇ ਉਸ ਦੀ ਹੱਡੀ ਅਤੇ ਉਸ ਦੇ ਮਾਸ ਨੂੰ ਛੋਹ ਦੇਹ ਤਾਂ ਉਹ ਤੇਰਾ ਮੂੰਹ ਫਿਟਕਾਰੂਗਾ। [6]ਯਹੋਵਾਹ ਨੇ ਸ਼ਤਾਨ ਨੂੰ ਆਖਿਆ ਕਿ ਵੇਖ, ਉਹ ਤੇਰੇ ਹੱਥ ਵਿੱਚ ਹੈ ਪਰ ਉਸ ਦੇ ਪ੍ਰਾਣਾਂ ਨੂੰ ਬਚਾਈ ਰੱਖੀਂ।**

**ਆਇਤਾਂ 1, 2.** ਇਹ ਆਇਤਾਂ ਪਿਛਲੇ ਅਧਿਆਇ ਵਿਚ ਜੋ ਆਇਤਾਂ ਹਨ ਲਗਭਗ ਉਨ੍ਹਾਂ ਦੇ ਸਮਾਨ ਹਨ (1:6, 7 ਤੇ ਟਿੱਪਣੀਆਂ ਵੇਖੋ)।

**ਆਇਤ 3.** ਫੇਰ ਯਹੋਵਾਹ ਆਪਣਾ ਧਿਆਨ ਆਪਣੇ **ਧਰਮੀ ਦਾਸ ਅੱਯੂਬ ਵੱਲ** ਲੈ ਕੇ ਜਾਂਦਾ ਹੈ ਅਤੇ 1:8 ਵਿੱਚੋਂ ਉਸ ਦੇ ਬਾਰੇ ਉਹੀ ਗੁਣਾਂ ਨੂੰ ਦੁਹਰਾਉਂਦਾ ਹੈ ਜਿਨ੍ਹਾਂ ਵਿਚ ਉਹ ਇਕ ਹੋਰ ਗੁਣ ਨੂੰ ਜੋੜਦਾ ਹੈ ਕਿ **ਉਸ ਨੇ ਆਪਣੀ ਖਰਿਆਈ ਨੂੰ ਤਕੜਾ ਕਰ ਕੇ ਫੜਿਆ ਹੋਇਆ**

**ਹੈ।** ਨਾਂਵ "ਖਰਿਆਈ" (תֻּמָּה, *ਤੁਮਾਹ)* ਉਸੇ ਮੂਲ ਸ਼ਬਦ ਤੋਂ ਆਇਆ ਹੈ ਜਿਸ ਤੋਂ "ਖਰਾ" (תָּם, *ਥਮ)* ਆਇਆ ਹੈ (1:1 ਤੇ ਟਿੱਪਣੀਆਂ ਵੇਖੋ)। ਜਿਵੇਂ ਕਿ ਟਿੱਪਣੀ ਕੀਤੀ ਗਈ ਸੀ, ਦੁੱਖਾਂ ਵਿਚ ਖਰਿਆਈ ਨੂੰ ਬਰਕਰਾਰ ਰੱਖਣਾ ਅੱਯੂਬ ਦੀ ਪੁਸਤਕ ਦਾ ਕੇਂਦਰੀ ਮੁੱਦਾ ਹੈ।

**ਭਾਵੇਂ ਤੈਂ ਮੈਨੂੰ ਚੁੱਕਿਆ ਕਿ ਮੈਂ ਧਗਾਣੇ ਉਸ ਨੂੰ ਨਾਸ ਕਰਾਂ।** "ਚੁੱਕਣਾ" (סוּת, *ਸੁਥ)* ਸ਼ਬਦ ਦਾ ਅਰਥ ਹੈ "ਭੜਕਾਉਣਾ," ਗੁਮਰਾਹ ਕਰਨਾ," ਜਾਂ "ਭਰਮਾਉਣਾ।"[1] ਇਸ ਦਾ ਅਰਥ ਹੈ ਕਿਸੇ ਨੂੰ ਉਹ ਕਾਰਵਾਈ ਕਰਨ ਦੇ ਲਈ ਲਲਚਾਉਣਾ ਜੋ ਉਸ ਨੇ ਆਮ ਤੌਰ ਤੇ ਨਹੀਂ ਕਰਨੀ ਸੀ। "ਧਗਾਣੇ" ਦਾ ਅਨੁਵਾਦ "ਬਿਨਾ ਕਿਸੇ ਉਦੇਸ਼, ਬਿਨਾ ਕਿਸੇ ਪ੍ਰਭਾਵ" ਵੀ ਕੀਤਾ ਜਾ ਸਕਦਾ ਹੈ।[2]

**ਆਇਤ 4. ਖੱਲ ਦੇ ਬਦਲੇ ਖੱਲ** ਅਖੌਤੀ ਸ਼ਬਦਾਵਲੀ ਜਾਪਦੀ ਹੈ। ਇਸ ਦਾ ਭਾਵ ਪਹਿਲੇ ਅਧਿਆਇ ਵਿਚ ਸ਼ਤਾਨ ਦੇ ਕਥਨਾਂ ਨਾਲ ਮੇਲ ਖਾਂਦਾ ਹੈ (1:9-11)। **ਸਗੋਂ ਮਨੁੱਖ ਆਪਣਾ ਸਭ ਕੁਝ ਆਪਣੇ ਪ੍ਰਾਣਾਂ ਲਈ ਦੇ ਦੇਵੇਗਾ।** ਹਰ ਮਨੁੱਖ ਦੀ ਆਪਣੀ ਕੀਮਤ ਹੈ! ਇੱਥੇ ਆਮ ਅਰਥ ਇਹ ਹੈ ਕਿ ਹਰ ਮਨੁੱਖ ਆਪਣੀ ਜਾਨ ਬਚਾਉਣ ਲਈ ਕੁਝ ਵੀ ਦੇਵੇਗਾ।

**ਆਇਤ 5. ਆਪਣਾ ਹੱਥ ਵਧਾ ਕੇ ਉਸ ਦੀ ਹੱਡੀ ਅਤੇ ਉਸ ਦੇ ਮਾਸ ਨੂੰ ਛੋਹ ਦੇਹ ਤਾਂ ਉਹ ਤੇਰਾ ਮੂੰਹ ਫਿਟਕਾਰੂਗਾ।** ਵਾਕ ਦਾ ਪਹਿਲਾ ਹਿੱਸਾ ਕਲਪਨਾ ਨੂੰ ਬਿਆਨ ਕਰਦਾ ਹੈ ਅਤੇ ਦੂਜਾ ਹਿੱਸਾ ਨਤੀਜੇ ਨੂੰ ਬਿਆਨ ਕਰਦਾ ਹੈ ਜੋ ਇਸ ਉੱਤੇ ਨਿਰਭਰ ਹੈ। ਸ਼ਤਾਨ ਕਹਿ ਰਿਹਾ ਸੀ ਕਿ ਜੇਕਰ ਅੱਯੂਬ ਨੂੰ ਸਰੀਰਕ ਦੁੱਖ ਦਿੱਤਾ ਜਾਂਦਾ, ਤਾਂ ਨਤੀਜਾ ਇਹ ਹੋਣਾ ਸੀ ਕਿ ਉਸ ਪਰਮੇਸ਼ੁਰ ਨੂੰ ਫਿਟਕਾਰਨਾ ਸੀ।

**ਆਇਤ 6.** ਯਹੋਵਾਹ ਨੇ ਅੱਯੂਬ ਨੂੰ ਦੁੱਖ ਦੇਣ ਲਈ **ਸ਼ਤਾਨ ਦੇ ਹੱਥ** ਵਿਚ ਦੇ ਦਿੱਤਾ, ਪਰ ਉਸ ਨੇ ਇਹ ਸ਼ਰਤ ਵੀ ਰੱਖੀ ਕਿ ਅੱਯੂਬ ਦੇ **ਪ੍ਰਾਣਾਂ** ਨੂੰ **ਬਚਾਈ** ਰੱਖੀਂ।

## ਅੱਯੂਬ ਦਾ ਗੰਭੀਰ ਕਸ਼ਟ (2:7, 8)

**7ਤਾਂ ਸ਼ਤਾਨ ਯਹੋਵਾਹ ਦੇ ਅੱਗੋਂ ਚਲਿਆ ਗਿਆ ਅਤੇ ਅੱਯੂਬ ਨੂੰ ਪੈਰ ਦੀ ਤਲੀ ਤੋਂ ਲੈ ਕੇ ਸਿਰ ਦੀ ਖੋਪਰੀ ਤੀਕ ਬੁਰਿਆਂ ਫੋੜਿਆਂ ਨਾਲ ਮਾਰਿਆ। 8ਉਸ ਨੇ ਇੱਕ ਠੀਕਰਾ ਲਿਆ ਕਿ ਆਪਣੇ ਆਪ ਨੂੰ ਉਹ ਦੇ ਨਾਲ ਖੁਰਕੇ ਅਤੇ ਸੁਆਹ ਦੇ ਵਿੱਚ ਬੈਠ ਗਿਆ।**

**ਆਇਤ 7.** ਅੱਯੂਬ ਦੇ ਦੁੱਖ ਦੀ ਸਹੀ ਬਿਮਾਰੀ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਨਾ ਵਿਅਰਥ ਹੈ। ਫਿਰ ਵੀ, ਜੌਨ ਈ. ਹਾਰਟਲੀ ਨੇ ਇਸ ਦੇ ਬਾਰੇ ਸੋਚ-ਸਮਝ ਕੇ ਵੇਰਵਾ ਦਿੱਤਾ:

> ਬਿਲਕੁਲ ਸਹੀ ਬਿਮਾਰੀ ਜਿਸ ਨੇ ਅੱਯੂਬ ਨੂੰ ਫੋੜਿਆਂ [ਇਬਰਾਨੀ *ਸ਼ੀਚਿਨ* ] ਨਾਲ ਭਰ ਦਿੱਤਾ ਉਸ ਤੋਂ ਅਸੀਂ ਅਣਜਾਣ ਹਾਂ ਅਤੇ ਇਹ ਇਕ ਗੈਰ-ਤਕਨੀਕੀ ਸ਼ਬਦ ਹੈ। ਅੱਯੂਬ ਦੀਆਂ ਗੱਲਾਂ ਤੋਂ ਕੁਝ ਲੱਛਣ ਜੋ ਉਸ ਨੂੰ ਸਹਿਣੇ ਪਏ ਉਨ੍ਹਾਂ ਵਿਚ ਸ਼ਾਮਲ ਸਨ ਦਰਦਨਾਕ ਖੁਰਕ (2:8); ਕੁਰੂਪਤਾ (2:12), ਪਾਕ ਵਗਣ ਵਾਲੇ ਫ਼ੋੜੇ ਜਿਨ੍ਹਾਂ ਤੇ ਖੁਰਕ ਹੁੰਦੀ ਸੀ, ਫਟੇ ਹੋਏ ਸਨ ਅਤੇ ਰਿਸਦੇ ਸਨ (7:5), ਫ਼ੋੜੇ ਜਿਨ੍ਹਾਂ ਵਿਚ ਕੀੜੇ ਪਏ ਹੋਏ ਸਨ (7:5), ਕੰਬ ਕੇ ਬੁਖਾਰ ਚੜ੍ਹਨਾ (21:6; 30:3), ਚਮੜੀ ਦਾ ਕਾਲਾ ਪੈਣਾ ਅਤੇ ਕੁਮਲਾਉਣਾ (30:30), ਰੋ ਰੋ ਕੇ ਅੱਖਾਂ ਦਾ ਲਾਲ ਹੋਣਾ ਅਤੇ ਸੁੱਜਣਾ (16:16), ਦਸਤ (30:27), ਉਨੀਂਦਰਾ ਅਤੇ ਦੁਬਿਧਾ (7:4, 13-14), ਦਮ ਘੁੱਟਣਾ (7:15), ਮੂੰਹ ਵਿੱਚੋਂ ਬਦਬੂ ਆਉਣਾ (19:17), ਦੁਰਬਲਤਾ (19:20) ਅਤੇ ਉਸ ਦੇ ਪੂਰੇ ਸਰੀਰ ਵਿਚ ਦਰਦਨਾਕ ਪੀੜ (30:17)।[3]

**ਆਇਤ 8. ਇੱਕ ਠੀਕਰਾ** ਇਕ ਥਾਲੀ ਜਾਂ ਭਾਂਡੇ ਦਾ ਇਕ ਟੁਕੜਾ ਹੈ ਜੋ ਕੂੜੇ ਦੇ ਰੂਪ ਵਿਚ ਨਾਹਰ ਸੁੱਟ ਦਿੱਤਾ ਜਾਵੇਗਾ। ਸੰਭਵ ਤੌਰ ਤੇ ਅੱਯੂਬ ਨੂੰ ਇੱਥੇ ਇਕ ਅਛੂਤ ਵਜੋਂ ਦਰਸਾਇਆ ਗਿਆ ਹੈ ਕਿਉਂਕਿ ਉਹ ਸ਼ਹਿਰ ਦੇ ਢੇਰ ਦੀ **ਸੁਆਹ ਦੇ ਵਿੱਚ ਬੈਠਾ** ਹੋਇਆ ਸੀ। ਕੁਝ ਲੇਖਕਾਂ ਨੇ ਇਹ ਅਨੁਮਾਨ ਲਗਾਇਆ ਸੀ ਕਿ ਉਸ ਦਾ ਦੁੱਖ ਇਕ ਕਿਸਮ ਦਾ ਕੋੜ੍ਹ ਸੀ, ਜਿਸ ਦਾ ਅਰਥ ਇਹ ਸੀ ਕਿ ਉਸ ਨੇ ਆਮ ਮਨੁੱਖੀ ਸੰਬੰਧਾਂ ਤੋਂ ਬਾਹਰ ਰਹਿਣਾ ਸੀ (ਵੇਖੋ ਲੇਵੀਆਂ 13:45, 46; ਗਿਣਤੀ 12:9-15)।

## ਅੱਯੂਬ ਦੀ ਪਤਨੀ ਦੀ ਪ੍ਰਤੀਕਿਰਿਆ (2:9, 10)

**9ਉਸ ਦੀ ਤੀਵੀਂ ਨੇ ਉਸ ਨੂੰ ਆਖਿਆ, ਕੀ ਤੈਂ ਅਜੇ ਵੀ ਆਪਣੀ ਖਰਿਆਈ ਨੂੰ ਤਕੜੀ ਕਰ ਕੇ ਫੜਿਆ ਹੋਇਆ ਹੈ? ਪਰਮੇਸ਼ੁਰ ਨੂੰ ਫਿਟਕਾਰ ਤੇ ਮਰ ਜਾਹ। 10ਪਰ ਉਸ ਨੇ ਉਹ ਨੂੰ ਆਖਿਆ, ਜਿਵੇਂ ਝੱਲੀਆਂ ਤੀਵੀਆਂ ਵਿੱਚੋਂ ਕੋਈ ਬੋਲਦੀ ਹੈ ਤਿਵੇਂ ਤੂੰ ਵੀ ਬੋਲਦੀ ਹੈਂ। ਕੀ ਅਸੀਂ ਚੰਗਾ ਚੰਗਾ ਤਾਂ ਪਰਮੇਸ਼ੁਰ ਕੋਲੋਂ ਲਈਏ ਅਰ ਬੁਰਾ ਨਾ ਲਈਏ? ਏਹ ਸਾਰੇ ਵਿੱਚ ਅੱਯੂਬ ਨੇ ਆਪਣੇ ਬੁੱਲ੍ਹਾਂ ਨਾਲ ਪਾਪ ਨਾ ਕੀਤਾ।**

**ਆਇਤ 9.** ਅੱਯੂਬ ਦੀ ਪਤਨੀ ਦਾ ਪੁਸਤਕ ਵਿਚ ਤਿੰਨ ਵਾਰ ਜ਼ਿਕਰ ਕੀਤਾ ਗਿਆ ਹੈ (2:9; 19:17; 31:10)। ਸਿਰਫ ਇੱਥੇ ਹੀ ਉਹ ਗੱਲ ਕਰਦੀ ਹੈ। ਨਿਸ਼ਚਤ ਤੌਰ ਤੇ ਉਸ ਦੀ ਪੀੜਾ ਅਤੇ ਉਸ ਦਾ ਨੁਕਸਾਨ ਓਨਾ ਹੀ ਵੱਡਾ ਹੋਵੇਗਾ ਜਿੰਨਾ ਪਹਿਲੇ ਪਰਤਾਵੇ ਵਿਚ ਅੱਯੂਬ ਦਾ ਸੀ। ਇਸ ਸਮੇਂ, ਉਹ ਆਪਣੇ ਪਤੀ ਦੇ ਸਾਥ ਅਤੇ ਸਹਾਇਤਾ ਤੋਂ ਵੀ ਵਾਂਝੀ ਰਹੀ ਸੀ। ਉਹ ਹੁਣ ਇਸ ਨੂੰ ਹੋਰ ਜ਼ਿਆਦਾ ਸਹਿਣ ਨਹੀਂ ਸੀ ਕਰ ਸਕਦੀ; ਉਸ ਨੇ ਚੀਕ ਕੇ ਆਖਿਆ, **ਕੀ ਤੈਂ ਅਜੇ ਵੀ ਆਪਣੀ ਖਰਿਆਈ ਨੂੰ ਤਕੜੀ ਕਰ ਕੇ ਫੜਿਆ ਹੋਇਆ ਹੈ? ਪਰਮੇਸ਼ੁਰ ਨੂੰ ਫਿਟਕਾਰ ਤੇ ਮਰ ਜਾਹ।** ਇਸ ਤੋਂ ਪਹਿਲਾਂ ਕਿ ਅਸੀਂ ਉਸ ਉੱਤੇ ਦੋਸ਼ ਲਾਉਣ ਵਿਚ ਕਾਹਲੀ ਕਰੀਏ, ਆਓ ਅਸੀਂ ਇਹ ਅਹਿਸਾਸ ਕਰੀਏ ਕਿ ਕਈ ਵਾਰ ਮੌਤ ਜੀਉਣ ਨਾਲੋਂ ਵੀ ਵਧੀਆ ਲੱਗਦੀ ਹੈ! ਇਹ ਭਿਆਣਕ ਦਰਦ ਅਤੇ ਦੁੱਖ ਤੋਂ ਛੁਟਕਾਰਾ ਦਿੰਦੀ ਹੈ। ਮੌਤ ਦੀ ਇੱਛਾ ਕਰਨਾ ਨਿਸ਼ਚਤ ਰੂਪ ਵਿਚ ਇਸ ਦਾ ਉੱਤਰ ਨਹੀਂ ਹੈ। ਪਰ, ਅਸੀਂ ਕੀ ਕਰੀਏ ਜਦੋਂ ਇਕ ਵਫ਼ਾਦਾਰ ਮਸੀਹੀ ਵਿਅਕਤੀ ਇਕ ਲਾਇਲਾਜ ਬਿਮਾਰੀ ਤੋਂ ਪੀੜਤ ਹੈ ਅਤੇ ਇਸ ਬਿਮਾਰੀ ਤੋਂ ਛੁਕਟਾਰਾ ਪਾਉਣ ਦੇ ਲਈ ਸਾਨੂੰ ਉਸ ਦੀ ਮੌਤ ਦੇ ਲਈ ਪ੍ਰਾਰਥਨਾ ਕਰਨ ਨੂੰ ਕਹਿੰਦਾ ਜਾਂ ਕਹਿੰਦੀ ਹੈ? ਨਿਸ਼ਚਤ ਤੌਰ ਤੇ ਆਖ਼ਰੀ ਵਾਕ, "ਪਰਮੇਸ਼ੁਰ ਨੂੰ ਫਿਟਕਾਰ ਤੇ ਮਰ ਜਾਹ," ਉਚਿਤ ਨਹੀਂ ਸੀ, ਜਿਵੇਂ ਕਿ ਅੱਯੂਬ ਦੇ ਜਵਾਬ ਤੋਂ ਸਪੱਸ਼ਟ ਹੁੰਦਾ ਹੈ।

**ਆਇਤ 10. ਜਿਵੇਂ ਝੱਲੀਆਂ ਤੀਵੀਆਂ ਵਿੱਚੋਂ ਕੋਈ ਬੋਲਦੀ ਹੈ ਤਿਵੇਂ ਤੂੰ ਵੀ ਬੋਲਦੀ ਹੈਂ।** "ਝੱਲੀਆਂ ਤੀਵੀਆਂ" (הַנְּבָלוֹת, *ਹਨਬਲੋਥ)* ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਇਸ ਦੇ ਨਾਲ "ਨੈਤਿਕ ਤੌਰ ਤੇ ਭ੍ਰਿਸ਼ਟ, ਬੇਇੱਜ਼ਤ, ਅਸੰਵੇਦਨਸ਼ੀਲ ਅਤੇ ਅਪਮਾਨਜਨਕ ਹੋਣ" ਦਾ ਅਰਥ ਰੱਖਦਾ ਹੈ।[4] **ਕੀ ਅਸੀਂ ਚੰਗਾ ਚੰਗਾ ਤਾਂ ਪਰਮੇਸ਼ੁਰ ਕੋਲੋਂ ਲਈਏ ਅਰ ਬੁਰਾ ਨਾ ਲਈਏ?** "ਬੁਰਾ" (רַע, *ਰਾ)* ਲਈ ਜਿਹੜਾ ਸ਼ਬਦ ਵਰਤਿਆ ਹੈ ਉਸ ਦਾ ਅਨੁਵਾਦ ਆਮ ਤੌਰ ਤੇ "ਬੁਰਾਈ" ਕੀਤਾ ਜਾਂਦਾ ਹੈ ਪਰ ਇਹ "ਬਦਕਿਸਮਤੀ ਜਾਂ ਬਿਪਤਾ" ਦਾ ਸੰਕੇਤ ਵੀ ਦੇ ਸਕਦਾ ਹੈ।[5] **ਏਹ ਸਾਰੇ ਵਿੱਚ ਅੱਯੂਬ ਨੇ ਆਪਣੇ ਬੁੱਲ੍ਹਾਂ ਨਾਲ ਪਾਪ ਨਾ ਕੀਤਾ।** ਅੱਯੂਬ ਦੀ ਪਰਮੇਸ਼ੁਰ ਵਿਚ ਨਿਹਚਾ ਦੀ ਕਿੰਨੀ ਸੁੰਦਰ ਗਵਾਹੀ ਹੈ! ਇਕ ਲੇਖਕ ਨੇ ਕਿਹਾ ਹੈ ਕਿ ਆਪਣੀ ਨਿਹਚਾ ਨੂੰ ਇਸ ਉਚਾਈ ਤੇ ਵਧਾਉਣ ਨਾਲੋਂ ਪਰਮੇਸ਼ੁਰ ਪ੍ਰਤੀ ਆਪਣੇ ਨਜ਼ਰੀਏ ਨੂੰ ਘਟਾਉਣਾ

ਸੌਖਾ ਹੈ।[6]

## ਅੱਯੂਬ ਦੇ ਮਿੱਤ੍ਰ (2:11-13)

**[11]ਜਦ ਅੱਯੂਬ ਦੇ ਤਿੰਨਾਂ ਮਿੱਤ੍ਰਾਂ ਨੇ ਇਹ ਸਾਰੀ ਬਿਪਤਾ ਜਿਹੜੀ ਉਹ ਦੇ ਉੱਤੇ ਆ ਪਈ ਸੀ ਸੁਣੀ ਤਾਂ ਓਹ ਮਨੁੱਖ ਆਪੋ ਆਪਣੇ ਥਾਂ ਤੋਂ ਚੱਲੇ ਅਰਥਾਤ ਅਲੀਫ਼ਜ਼ ਤੇਮਾਨੀ ਅਰ ਬਿਲਦਦ ਸੂਹੀ ਅਰ ਸੋਫ਼ਰ ਨਅਮਾਤੀ ਤਾਂ ਓਹ ਇਕੱਠੇ ਹੋਏ ਕਿ ਉਹ ਦਾ ਦੁੱਖ ਵੰਡਾਉਣ ਅਤੇ ਉਹ ਨੂੰ ਦਿਲਾਸਾ ਦੇਣ। [12]ਜਦ ਉਨ੍ਹਾਂ ਨੇ ਦੂਰ ਤੋਂ ਆਪਣੀਆਂ ਅੱਖਾਂ ਚੁੱਕੀਆਂ ਅਤੇ ਉਹ ਨੂੰ ਨਾ ਪਛਾਣਿਆ ਤਾਂ ਉਨ੍ਹਾਂ ਨੇ ਰੋਣ ਲਈ ਆਪਣੀ ਅਵਾਜ਼ ਚੁੱਕੀ ਤਾਂ ਹਰ ਮਨੁੱਖ ਨੇ ਆਪਣੇ ਕੱਪੜੇ ਪਾੜ ਲਏ ਅਤੇ ਆਪਣੇ ਸਿਰਾਂ ਉੱਤੇ ਅਕਾਸ਼ ਵੱਲ ਸੁਆਹ ਉਡਾਈ। [13]ਓਹ ਸੱਤ ਦਿਨ ਅਤੇ ਸੱਤ ਰਾਤਾਂ ਧਰਤੀ ਉੱਤੇ ਉਹ ਦੇ ਨਾਲ ਬੈਠੇ ਰਹੇ, ਕਿਸੇ ਨੇ ਉਹ ਦੇ ਨਾਲ ਗੱਲ ਨਾ ਕੀਤੀ ਕਿਉਂ ਜੋ ਉਨ੍ਹਾਂ ਨੇ ਵੇਖਿਆ ਕਿ ਉਹ ਦੀ ਪੀੜ ਡਾਢੀ ਹੈ।**

ਇਹ ਪੈਰ੍ਹਾ ਅੱਯੂਬ ਦੇ ਤਿੰਨ ਮਿੱਤਰਾਂ ਨਾਲ ਦੀ ਜਾਣ-ਪਛਾਣ ਕਰਾਉਂਦਾ ਹੈ ਜਿਨ੍ਹਾਂ ਦੀ ਆਉਣ ਵਾਲੇ ਵਾਰਤਾਲਾਪਾਂ ਵਿਚ ਇਕ ਪ੍ਰਮੁੱਖ ਭੂਮਿਕਾ ਹੈ। ਅਸੀਂ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ ਸਿਵਾਏ ਇਨ੍ਹਾਂ ਆਇਤਾਂ ਅਤੇ ਉਨ੍ਹਾਂ ਦੀਆਂ ਆਪਣੀਆਂ ਗੱਲਾਂ ਤੋਂ ਜੋ ਪ੍ਰਾਪਤ ਹੁੰਦਾ ਹੈ ਜੋ ਅੱਗੇ ਆਉਣ ਵਾਲੀਆਂ ਹਨ। ਉਨ੍ਹਾਂ ਦੇ ਦੁੱਖਾਂ ਬਾਰੇ ਬਹੁਤ ਨਿਸ਼ਚਤ ਵਿਚਾਰ ਸਨ ਜਿਨ੍ਹਾਂ ਬਾਰੇ ਉਨ੍ਹਾਂ ਨੇ ਖੁਲਾਸਾ ਕੀਤਾ ਅਤੇ ਜਿਸ ਬਾਰੇ ਅੱਯੂਬ ਨੇ ਉੱਤਰ ਦਿੱਤੇ।

**ਆਇਤ 11.** ਤਿੰਨੇ ਮਿੱਤਰ ਵੱਖ-ਵੱਖ ਸ਼ਹਿਰਾਂ ਤੋਂ ਆਏ ਸਨ। **ਓਹ ਇਕੱਠੇ ਹੋਏ ਕਿ ਉਹ ਦਾ ਦੁੱਖ ਵੰਡਾਉਣ ਅਤੇ ਉਹ ਨੂੰ ਦਿਲਾਸਾ ਦੇਣ ਆਏ ਸਨ।** ਇਸ ਵਿਚ ਕੋਈ ਸ਼ੱਕ ਨਹੀਂ, ਉਨ੍ਹਾਂ ਨੂੰ ਅੱਯੂਬ ਦੀ ਦੁਰਦਸ਼ਾ ਬਾਰੇ ਸੁਣਨ ਅਤੇ ਊਸ ਦੇ ਦੇਸ ਵਿਚ ਉਨ੍ਹਾਂ ਦੇ ਪਹੁੰਚਣ ਵਿਚ ਕੁਝ ਸਮਾਂ ਲੰਘ ਗਿਆ।

**ਅਲੀਫ਼ਜ਼ ਤੇਮਾਨੀ।** ਅਲੀਫ਼ਜ਼ ਨਾਮ ਦਾ ਇਕ ਮਨੁੱਖ ਏਸਾਓ ਦਾ ਇਕ ਪੁੱਤਰ ਸੀ ਅਤੇ ਉਸ ਦਾ ਇਕ ਪੁੱਤਰ ਸੀ ਜਿਸ ਦਾ ਨਾਮ ਉਸ ਨੇ ਤੇਮਾਨ ਰੱਖਿਆ (ਉਤਪਤ 36:10, 11)। ਪਰ, ਸੰਭਵ ਤੌਰ ਤੇ ਇੱਥੇ ਜਿਹੜਾ ਅਲੀਫ਼ਜ਼ ਹੈ ਇਹ ਉਹ ਅਲੀਫਾਜ਼ ਨਹੀਂ ਸੀ ਜਿਸ ਦਾ ਜ਼ਿਕਰ ਉਤਪਤ ਵਿਚ ਕੀਤਾ ਗਿਆ ਸੀ। ਹਾਲਾਂਕਿ, ਅੱਯੂਬ ਦਾ ਮਿੱਤਰ ਹੋ ਸਕਦਾ ਹੈ ਕਿ ਉਹ ਅਦੋਮ ਦੇ ਤੇਮਾਨ ਦੇ ਸ਼ਹਿਰ ਜਾਂ ਜ਼ਿਲ੍ਹੇ ਤੋਂ ਆਇਆ ਹੋਵੇ, ਜੋ ਬੁੱਧੀ ਦਾ ਪ੍ਰਾਚੀਨ ਕੇਂਦਰ ਸੀ (ਯਿਰਮਿਯਾਹ 49:7; ਹਬੱਕੂਕ 3:3)। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਅਲੀਫ਼ਜ਼ ਤਿੰਨਾਂ ਮਿੱਤਰਾਂ ਵਿੱਚੋਂ ਸਭ ਤੋਂ ਵੱਡਾ ਸੀ।[7] ਇਸ ਤੋਂ ਇਲਾਵਾ, 15:10 ਵਿਚ ਇਕ ਕਥਨ ਤੋਂ ਲੱਗਦਾ ਹੈ ਕਿ ਤਿੰਨੋਂ ਮਿੱਤਰ ਅੱਯੂਬ ਤੋਂ ਵੱਡੇ ਸਨ।

**ਬਿਲਦਦ ਸੂਹੀ।** ਬਿਲਦਦ ਨਾਮ ਨੂਜ਼ੀ ਫੱਟੀਆਂ ਵਿਚ ਆਉਂਦਾ ਹੈ।[8] ਸੂਅਹ ਦੀ ਥਾਂ, ਉਸ ਦਾ ਘਰ, ਨਿਸ਼ਚਤ ਤੌਰ ਤੇ ਨਹੀਂ ਜਾਣਿਆ ਜਾਂਦਾ। ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਸੂਅਹ ਇਕ ਯਹੂਦੀ ਸ਼ਹਿਰ ਨਹੀਂ ਸੀ। ਅਬਰਾਹਾਮ ਦਾ ਇਕ ਪੁੱਤਰ ਸੂਅਹ ਸੀ ਜਿਸ ਨੂੰ ਉਸ ਨੇ "ਪੂਰਬ ਦੀ ਧਰਤੀ ਵਿੱਚ" ਭੇਜਿਆ ਸੀ (ਉਤਪਤ 25:2, 6); ਇਹ ਸੰਭਵ ਹੈ ਕਿ ਸ਼ਹਿਰ ਦਾ ਨਾਮ ਉਸ ਦੇ ਨਾਮ ਤੇ ਰੱਖਿਆ ਗਿਆ ਸੀ।

**ਸੋਫ਼ਰ ਨਅਮਾਤੀ।** ਉਹ ਗੱਲ ਕਰਨ ਵਾਲੇ ਤਿੰਨ ਮਿੱਤਰਾਂ ਵਿੱਚੋਂ ਆਖ਼ਰੀ ਸੀ। ਨਅਮਾਹ ਨਾਮ ਦਾ ਇਕ ਸ਼ਹਿਰ ਯਹੂਦਾਹ ਵਿਚ ਸਥਿਤ ਸੀ (ਯਹੋਸ਼ੁਆ 15:41); ਹਾਲਾਂਕਿ, ਇੱਥੇ ਹਵਾਲਾ ਇਕ ਵੱਖਰੀ ਜਗ੍ਹਾ ਦਾ ਹੋ ਸਕਦਾ ਹੈ।

ਲੇਖਕ ਨੇ ਤਿੰਨ ਮਿੱਤਰਾਂ ਦੀ ਵਿਅਕਤੀਗਤ ਸ਼ਖ਼ਸੀਅਤਾਂ ਦਾ ਵਰਣਨ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਹਾਲਾਂਕਿ, ਹਰੇਕ ਦੀਆਂ ਗੱਲਾਂ ਦੇ ਵਿਸ਼ਲੇਸ਼ਣ ਤੋਂ ਕੁਝ ਸਿੱਟੇ ਕੱਢੇ ਜਾ ਸਕਦੇ ਹਨ। (ਤਿੰਨਾਂ ਮਿੱਤਰਾਂ ਬਾਰੇ ਵਧੇਰੇ ਜਾਣਕਾਰੀ ਲਈ, *ਜਾਣ-ਪਛਾਣ* ਦੇ ਸਫ਼ੇ 6-8 ਵੇਖੋ।)

**ਆਇਤ 12.** ਅੱਯੂਬ ਦੇ ਮਿੱਤਰ ਉਸ ਹਾਲਤ ਤੇ ਰੋ ਪਏ ਜਿਸ ਵਿਚ ਉਨ੍ਹਾਂ ਨੇ ਅੱਯੂਬ ਨੂੰ ਵੇਖਿਆ ਸੀ। ਇਹ ਤੱਥ ਕਿ **ਹਰ ਮਨੁੱਖ ਨੇ ਆਪਣੇ ਕੱਪੜੇ ਪਾੜ ਲਏ ਅਤੇ ਆਪਣੇ ਸਿਰਾਂ ਉੱਤੇ ਅਕਾਸ਼ ਵੱਲ ਸੁਆਹ ਉਡਾਈ** ਡੂੰਘੀ ਪੀੜਾ ਦਾ ਪ੍ਰਤੀਕ ਸੀ ਜੋ ਉਨ੍ਹਾਂ ਨੇ ਮਹਿਸੂਸ ਕੀਤੀ ਸੀ। ਪ੍ਰਾਚੀਨ ਮਸੋਪੋਤਾਮੀਆ ਵਿਚ ਦੁੱਖ ਦੇ ਇਹ ਪ੍ਰਗਟਾਵੇ ਆਮ ਗੱਲ ਸਨ।

**ਆਇਤ 13. ਸੱਤ ਦਿਨ ਅਤੇ ਸੱਤ ਰਾਤਾਂ** ਮੁਰਦਿਆਂ ਲਈ ਸੋਗ ਦਾ ਸਧਾਰਣ ਸਮਾਂ ਸੀ (ਉਤਪਤ 50:10; 1 ਸਮੂਏਲ 31:13)। ਮਿੱਤਰਾਂ ਨੇ ਉਨ੍ਹਾਂ ਦੇ ਖਮੋਸ਼ ਸੋਗ ਵਿਚ ਵੱਡੀ ਸਿਆਣਪ ਦਿਖਾਈ। ਹੋਮਰ ਹੇਲੀ ਦੀ ਰਾਏ ਸੀ ਕਿ ਉਹ ਉਤਸ਼ਾਹ ਦੇ ਸ਼ਬਦ ਬੋਲ ਕੇ ਅੱਯੂਬ ਨੂੰ ਦਿਲਾਸਾ ਨਹੀਂ ਸੀ ਦੇ ਸਕਦੇ ਕਿਉਂਕਿ ਇਹ ਉਨ੍ਹਾਂ ਦੇ ਸਿਧਾਂਤ ਦੀ ਉਲੰਘਣਾ ਕਰਦਾ ਸੀ ਕਿ ਅੱਯੂਬ ਨੂੰ ਕਿਸੇ ਵੱਡੇ ਪਾਪ ਦੀ ਸਜ਼ਾ ਦਿੱਤੀ ਜਾ ਰਹੀ ਸੀ।[9]

# ਪ੍ਰਾਸੰਗਿਕਤਾ

**ਇਹ ਕਿਹੋ ਜਿਹਾ ਹੋਵੇਗਾ (ਅਧਿਆਇ 1; 2)**

1991 ਵਿਚ, ਗੈਟੋਰੇਡ™ ਕੰਪਨੀ ਨਏ ਬਾਕਟਬਾਲ ਦੇ ਸੁਪਰਸਟਾਰ ਮਾਈਕਲ ਜੋਰਡਨ ਦੇ ਨਾਲ ਇਕ ਬਹੁ-ਲੱਖੀ ਡਾਲਰ ਸਮਝੌਤਾ ਕੀਤਾ। ਉਨ੍ਹਾਂ ਦੀ ਮੁਹਿੰਮ ਦਾ ਨਾਅਰਾ ਦੁਨੀਆ ਵਿਚ ਮਸ਼ਹੂਰ ਹੋ ਗਿਆ ਅਤੇ ਇਹ ਇਕ ਵਾਕ ਤੇ ਕੇਂਦ੍ਰਿਤ ਸੀ ਜੋ ਕਿ ਇਸ ਤਰ੍ਹਾਂ ਸੀ ਕਿ "ਮਾਈਕ ਵਰਗੇ ਬਣੋ।" ਵਿਗਿਆਪਨ ਆਖਦਾ ਸੀ, "ਜੇ ਮੈਂ ਮਾਈਕ ਵਰਗਾ ਹੋ ਸਕਦਾ ... ਸਿਰਫ ਇਕ ਦਿਨ ਲਈ ਜੇ ਮੈਂ ਇਸ ਤਰ੍ਹਾਂ ਹੋ ਸਕਦਾ। ... ਜੇ ਮੈਂ ਮਾਈਕ ਵਰਗਾ ਹੋ ਸਕਦਾ।" ਸਮੇਂ ਸਮੇਂ ਤੇ, ਬਹੁਤ ਸਾਰੇ ਲੋਕ ਹੈਰਾਨ ਹੁੰਦੇ ਹਨ ਕਿਸੇ ਹੋਰ ਵਰਗਾ ਹੋਣਾ ਕਿੱਦਾਂ ਦਾ ਹੋਵੇਗਾ ਜਾਂ ਉਨ੍ਹਾਂ ਵਰਗਾ ਜੀਉਣਾ ਕਿੱਦਾਂ ਦਾ ਹੋਵੇਗਾ ਜਿਸ ਤਰ੍ਹਾਂ ਉਹ ਜੀਉਂਦੇ ਹਨ।

ਇਹ ਕਿਹੋ ਜਿਹਾ ਹੋਵੇਗਾ ... ?

*... ਉਸ ਦੇ ਦੁੱਖਾਂ ਤੋਂ ਪਹਿਲਾਂ ਅੱਯੂਬ ਵਰਗਾ ਹੋਣਾ?* ਅਧਿਆਇ 1 ਵਿਚ, ਅੱਯੂਬ ਨੂੰ ਭਰਪੂਰ ਬਰਕਤ ਦਿੱਤੀ ਗਈ ਸੀ। ਹਰ ਸਵੇਰ ਨੂੰ, ਅੱਯੂਬ ਆਪਣੇ ਦਿਲ ਵਿਚ ਖੁਸ਼ੀ ਅਤੇ ਉਸ ਦੇ ਬੁੱਲ੍ਹਾਂ ਤੇ ਇਕ ਗੀਤ ਨਾਲ ਉੱਠਦਾ ਸੀ। ਸ਼ੁਰੂ ਵਿਚ, ਸਭ ਕੁਝ ਉਸ ਦੇ ਤਰੀਕੇ ਨਾਲ ਹੋ ਰਿਹਾ ਸੀ। ਅੱਯੂਬ ਨੂੰ ਇਕ ਪਤਨੀ ਅਤੇ ਦਸ ਖੂਬਸੂਰਤ ਬੱਚਿਆਂ ਦੀ ਬਰਕਤ ਦਿੱਤੀ ਗਈ ਸੀ ਅਤੇ ਉਸ ਨੇ ਆਪਣਾ ਘਰ ਯਹੋਵਾਹ ਉੱਤੇ ਬਣਾਇਆ ਸੀ। ਜ਼ਬੂਰ 127 ਆਖਦਾ ਹੈ, "ਜੇ ਕਰ ਯਹੋਵਾਹ ਹੀ ਘਰ ਨਾ ਬਣਾਵੇ, ਤਾਂ ਉਸ ਦੇ ਬਣਾਉਣ ਵਾਲੇ ਦੀ ਮਿਹਨਤ ਵਿਅਰਥ ਹੈ। ... ਵੇਖੋ, ਬੱਚੇ ਯਹੋਵਾਹ ਵੱਲੋਂ ਮਿਰਾਸ ਹਨ, ਢਿੱਡ ਦਾ ਫਲ ਇੱਕ ਇਨਾਮ ਹੈ। ... ਧੰਨ ਹੈ ਉਹ ਮਰਦ ਜਿਹ ਦਾ ਤਰਕਸ਼ ਉਨ੍ਹਾਂ ਨਾਲ ਭਰਿਆ ਹੋਇਆ ਹੈ।" ਅੱਯੂਬ ਦਾ "ਤਰਕਸ਼" ਬੱਚਿਆਂ ਨਾਲ ਭਰਿਆ ਹੋਇਆ ਸੀ ਅਤੇ ਉਹ ਇਹ ਵੱਡੀ ਬਰਕਤ ਹੈ। ਇਸ ਤੋਂ ਇਲਾਵਾ, ਅੱਯੂਬ ਨੂੰ ਤੰਦਰੁਸਤੀ ਅਤੇ ਧਨ ਦੌਲਤ ਦੀ ਵੀ ਬਰਕਤ ਮਿਲੀ ਸੀ। ਬਾਈਬਲ ਆਖਦੀ ਹੈ ਕਿ ਉਹ "ਬਦੀ ਤੋਂ ਪਰੇ ਰਹਿੰਦਾ ਸੀ" ਅਤੇ ਇਸ ਉਸ ਦਾ "ਪੂਰਬ ਦੇ ਸਾਰੇ ਲੋਕਾਂ ਵਿੱਚੋਂ ਸਭ ਤੋਂ ਵੱਡਾ ਮਨੁੱਖ" ਵਜੋਂ ਵਰਣਨ ਕਰਦੀ ਹੈ (1:1, 3)। ਅੱਯੂਬ ਇਕ ਮੁਬਾਰਕ ਮਨੁੱਖ ਸੀ ਜੋ ਜਾਣਦਾ ਸੀ ਕਿ ਉਸ ਨੂੰ ਦੂਜਿਆਂ ਲਈ ਬਰਕਤ ਦਾ ਕਾਰਣ ਬਣਨ ਦੇ ਲਈ ਬਰਕਤ ਦਿੱਤੀ ਗਈ ਸੀ।

*... ਆਪਣੇ ਬੱਚਿਆਂ ਦੀ ਆਤਮਿਕ ਤੰਦਰੁਸਤੀ ਬਾਰੇ ਗੰਭੀਰ ਹੋਣਾ?* ਅੱਯੂਬ 1:5 ਆਖਦੀ ਹੈ ਕਿ "ਉਹ ਉਨ੍ਹਾਂ ਸਾਰਿਆਂ ਲਈ ... ਬਲੀਆਂ ਚੜ੍ਹਾਉਂਦਾ ਹੁੰਦਾ ਸੀ।" ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅੱਯੂਬ ਦੇ ਬੱਚਿਆਂ ਨੇ ਪਰਮੇਸ਼ੁਰ ਪ੍ਰਤੀ ਉਸ ਦੀ ਸ਼ਰਧਾ ਅਤੇ ਉਨ੍ਹਾਂ ਲਈ ਉਸ ਦੇ ਪਿਆਰ ਨੂੰ ਪਛਾਣ ਲਿਆ। ਉਸ ਦੀਆਂ ਬਲੀਆਂ ਦੁਆਰਾ ਉਸ ਦੀ ਨਿਹਚਾ ਅਮਲ ਵਿਚ ਲਿਆਂਦੀ ਗਈ। ਐਡਗਰ ਏ. ਗੈਸਟ ਨੇ ਆਪਣੀ ਕਵਿਤਾ "ਸਰਮਨਜ ਵ੍ਰਈ ਸੀ" ਵਿਚ ਬੜੇ ਅਰਥਪੂਰਣ ਢੰਗ ਨਾਲ ਲਿਖਿਆ,

> ਮੈਂ ਕਿਸੇ ਦਿਨ ਕਿਸੇ ਨੂੰ ਸੁਣਨ ਦੀ ਬਜਾਇ ਇਕ ਉਪਦੇਸ਼ ਵੇਖਾਂਗਾ;
> ਮੈਂ ਕਿਸੇ ਨੂੰ ਮੈਨੂੰ ਰਸਤਾ ਦੱਸਣ ਦੀ ਬਜਾਇ ਮੇਰੇ ਨਾਲ ਚੱਲਣਾ ਪਸੰਦ ਕਰਾਂਗਾ।
> ਅੱਖ ਇਕ ਬਿਹਤਰ ਵਿਦਿਆਰਥੀ ਹੈ, ਕੰਨ ਨਾਲੋਂ ਵਧੇਰੇ ਤਿਆਰ ਹੈ,
> ਵਧੀਆ ਪਰਿਸ਼ਦ ਭੰਬਲਭੂਸੇ ਵਾਲੀ ਹੈ, ਪਰ ਉਦਾਹਰਣ ਹਮੇਸ਼ਾ ਸਪੱਸ਼ਟ ਹੁੰਦੀ ਹੈ।[10]

ਮਾਪਿਓ, ਤੁਸੀਂ ਆਪਣੇ ਬੱਚਿਆਂ ਲਈ ਕੀ ਕੁਰਬਾਨ ਕਰ ਰਹੇ ਹੋ? ਕੀ ਉਹ ਵੇਖਦੇ ਹਨ ਅਤੇ ਜਾਣਦੇ ਹਨ ਕਿ ਤੁਸੀਂ ਪਰਮੇਸ਼ੁਰ ਦੇ ਨਾਲ ਆਪਣੇ ਅਤੇ ਉਨ੍ਹਾਂ ਦੇ ਰਿਸ਼ਤੇ ਬਾਰੇ ਕਿੰਨੇ ਗੰਭੀਰ ਹੋ?

*... ਦੁਸ਼ਟ ਦਾ ਨਿਸ਼ਾਨ ਬਣਨ ਲਈ?* ਅੱਯੂਬ ਦੁਸ਼ਟ ਦਾ ਨਿਸ਼ਾਨਾ ਸੀ। ਸ਼ਤਾਨ ਅੱਯੂਬ ਦੇ ਬੱਚਿਆਂ ਅਤੇ ਉਸ ਦੀ ਦੌਲਤ ਨੂੰ ਖਤਮ ਕਰਨ ਤੋਂ ਸੰਤੁਸ਼ਟ ਨਹੀਂ ਸੀ; ਉਹ ਉਸ ਦੀ ਸਿਹਤ ਤੇ ਹਮਲਾ ਕਰਨ ਲਈ ਵਾਪਸ ਆਇਆ। ਸ਼ਤਾਨ ਦਾ ਆਖ਼ਰੀ ਨਿਸ਼ਾਨਾ ਸੀ ਅੱਯੂਬ ਦੇ ਪਰਮੇਸ਼ੁਰ ਨਾਲ ਰਿਸ਼ਤੇ ਨੂੰ ਖਤਮ ਕਰਨਾ। ਯਿਸੂ ਨੇ ਇਕ ਵਾਰ ਪਤਰਸ ਨੂੰ ਆਖਿਆ, "ਹੇ ਸ਼ਮਊਨ, ਸ਼ਮਊਨ! ਵੇਖ, ਸ਼ਤਾਨ ਨੇ ਤੁਹਾਨੂੰ ਮੰਗਿਆ ਹੈ ਭਈ ਕਣਕ ਦੀ ਤਰਾਂ ਤੁਹਾਨੂੰ ਫਟਕੇ ਪਰ ਮੈਂ ਤੇਰੇ ਲਈ ਬੇਨਤੀ ਕੀਤੀ ਹੈ ਜੋ ਤੇਰੀ ਨਿਹਚਾ ਜਾਂਦੀ ਨਾ ਰਹੇ" (ਲੂਕਾ 22:31)।

ਸ਼ਤਾਨ ਸਾਡਾ ਵਿਰੋਧੀ ਹੈ ਅਤੇ ਉਹ ਅਕਸਰ ਸਾਡੇ ਵਿੱਚੋਂ ਉਨ੍ਹਾਂ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਹੈ ਜੋ ਪਰਮੇਸ਼ੁਰ ਵਿਚ ਵਿਸ਼ਵਾਸ ਕਰਦੇ ਅਤੇ ਪਰਮੇਸ਼ੁਰ ਲਈ ਜੀਉਂਦੇ ਹਨ। ਖ਼ਾਸਕਰ, ਸ਼ਤਾਨ ਸਾਡੀ ਨਿਹਚਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸੇ ਲਈ ਅਫ਼ਸੀਆਂ 6:11, 16 ਸਾਨੂੰ ਆਖਦੀਆਂ ਹਨ, "ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਧਾਰੋ ਤਾਂ ਜੋ ਤੁਸੀਂ ਦੇ ਛਲ ਛਿੱਦ੍ਰਾਂ ਦਾ ਸਾਹਮਣੇ ਖਲੋ ਸੱਕੋ। ... ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ।" 1 ਪਤਰਸ 5:8, 9 ਵਿਚ, ਪਤਰਸ ਨੇ ਆਪਣੇ ਪਾਠਕਾਂ ਨੂੰ ਆਖਿਆ,

> ਸੁਚੇਤ ਹੋਵੋ, ਜਾਗਦੇ ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ! ਤੁਸੀਂ ਆਪਣੀ ਨਿਹਚਾ ਵਿੱਚ ਤਕੜੇ ਹੋ ਕੇ ਉਹ ਦਾ ਸਾਹਮਣਾ ਕਰੋ ਇਹ ਜਾਣ ਕੇ ਜੋ ਤੁਹਾਡੇ ਗੁਰਭਾਈ ਜਿਹੜੇ ਜਗਤ ਵਿੱਚ ਹਨ ਓਹਨਾਂ ਨੂੰ ਵੀ ਏਹੋ ਦੁਖ ਸਹਿਣੇ ਪੈਂਦੇ ਹਨ।

*... "ਅਣਹੋਈ" ਵਿੱਚੋਂ ਗੁਜਰਨਾ ਅਤੇ ਕਦੇ ਨਾ ਜਾਣਨਾ ਕਿਉਂ?* ਅੱਯੂਬ ਦੇ ਨਾਲ ਉਹ ਹੋਇਆ ਜੋ "ਅਣਹੋਣਾ" ਸੀ ਅਤੇ ਉਸ ਨੂੰ ਕਦੇ ਵੀ ਨਹੀਂ ਦੱਸਿਆ ਗਿਆ ਕਿ ਇਸ ਦਾ ਕਾਰਣ ਕੀ ਸੀ। ਪਰ ਇਹ ਸਭ ਕੁਝ ਹੋਣ ਦੇ ਬਾਵਜੂਦ, ਅੱਯੂਬ ਨੇ ਆਪਣੀ ਖਰਿਆਈ ਅਤੇ ਆਪਣੀ ਨਿਹਚਾ ਨੂੰ ਬਣਾਈ ਰੱਖਿਆ। ਰੂਥ ਲਈ, ਆਪਣੇ ਪਤੀ, ਦਿਓਰ ਅਤੇ ਸਹੁਰੇ ਨੂੰ ਗੁਆਉਣਾ

"ਅਣਹੋਣਾ" ਸੀ। ਹਿਜ਼ਕੀਯਾਹ ਲਈ, "ਅਣਹੋਣੀ" ਇਹ ਖ਼ਬਰ ਸੁਣਨਾ ਸੀ ਕਿ ਉਸ ਨੂੰ "ਆਪਣੇ ਘਰਾਣੇ ਉੱਤੇ ਜੁੰਮੇਵਾਰੀ ਪਾਉਣ" ਦੀ ਲੋੜ ਸੀ ਕਿਉਂਕਿ ਉਹ ਮਰਨਾਊਂ ਸੀ। ਦਾਊਦ ਲਈ, "ਅਣਹੋਣੀ" ਇਸ ਤੱਥ ਨੂੰ ਸਮਝਣਾ ਸੀ ਕਿ ਉਸ ਦੇ ਆਪਣੇ ਪੁੱਤਰ ਨੇ ਉਸ ਨੂੰ ਤੁੱਛ ਜਾਣਿਆ ਸੀ। "ਅਣਹੋਣੀ" ਸਾਡੇ ਨਾਲ ਹੀ ਹੋ ਸਕਦੀ ਹੈ।

ਕਈ ਸਾਲ ਪਹਿਲਾਂ, ਮੈਂ ਇਕ ਹਸਪਤਾਲ ਦੇ ਕਮਰੇ ਵਿਚ ਸੀ ਜਿਸ ਵਿਚ ਇਕ ਤੀਹ ਸਾਲਾਂ ਦੀ ਮਸੀਹੀ ਔਰਤ ਵੀ ਸੀ, ਜਿਸ ਦਾ ਪਤੀ ਉਸ ਸਮੇਂ ਇਕ ਮਸੀਹੀ ਨਹੀਂ ਸੀ। ਡਾਕਟਰ ਉਸ ਦੇ ਕਮਰੇ ਵਿਚ ਆਏ ਅਤੇ ਉਸ ਨੂੰ ਇਕ ਅਜਿਹੀ ਖ਼ਬਰ ਸੁਣਾਈ ਜਿਸ ਦੀ ਉਸ ਨੇ "ਕਲਪਨਾ ਵੀ ਨਹੀਂ ਸੀ ਕੀਤੀ।" ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਕੈਂਸਰ ਸੀ ਅਤੇ ਉਹ ਲਗਭਗ ਛੇ ਮਹੀਨੇ ਤੱਕ ਜਿੰਦਾ ਰਹੇਗੀ। ਤੁਸੀਂ ਕੀ ਕਰੋਗੇ? ਉਸ ਨੇ ਆਪਣੇ ਪਤੀ ਦੀਆਂ ਅੱਖਾਂ ਵਿਚ ਵੇਖਿਆ ਅਤੇ ਆਖਿਆ, "ਮੈਂ ਨਹੀਂ ਜਾਣਦੀ ਕਿ ਤੁਸੀਂ ਇਸ ਨੂੰ ਕਿਵੇਂ ਬਰਦਾਸ਼ਤ ਕਰੋਗੇ, ਪਰ ਮੈਂ ਪ੍ਰਭੂ ਦੇ ਨਾਲ ਚੱਲ ਰਹੀ ਹੈ।" ਕਿੰਨਾ ਸ਼ਾਨਦਾਰ ਰਵੱਈਆ ਹੈ! ਇਸ ਔਰਤ ਦੀ ਤਿੰਨ ਮਹੀਨੇ ਬਾਅਦ ਮੌਤ ਹੋ ਗਈ, ਪਰ ਉਸ ਨੇ ਆਪਣੀ ਨਿਹਚਾ ਨੂੰ ਕਾਇਮ ਰੱਖਿਆ। ਉਸ ਦੀ ਵਫ਼ਾਦਾਰੀ ਦੇ ਸਿੱਧੇ ਸਿੱਟੇ ਵਜੋਂ ਮੈਨੂੰ ਉਸ ਦੇ ਪਤੀ ਨੂੰ ਬਪਤਿਸਮਾ ਦੇਣ ਦਾ ਮੌਕਾ ਮਿਲਿਆ।

*... ਅੱਯੂਬ ਦੀ ਪਤਨੀ ਹੋਣ ਲਈ?* ਬਹੁਤ ਸਾਰੇ ਲੋਕ ਅੱਯੂਬ ਦੀ ਪਤਨੀ ਤੇ ਬਹੁਤ ਸਖ਼ਤ ਹਨ ਕਿਉਂਕਿ ਉਸ ਨੇ ਜੋ ਕਿਹਾ ਉਹ ਚੰਗੀ ਸਲਾਹ ਨਹੀਂ ਸੀ। ਪਰ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਸ ਨੇ ਵੀ ਬਹੁਤ ਦੁੱਖ ਝੱਲਿਆ ਸੀ। ਉਸ ਨੇ ਵੀ ਆਪਣਾ ਪਰਿਵਾਰ ਅਤੇ ਆਪਣਾ ਖੇਤ ਗੁਆ ਦਿੱਤਾ ਸੀ ਅਤੇ ਉਸ ਦਾ ਪਤੀ ਬਹੁਤ ਦੁਖੀ ਸੀ। ਉਹ ਖੁਦ ਵੀ ਦੁਖੀ ਸੀ। ਉਹ ਜਜ਼ਬਾਤੀ ਤੌਰ ਤੇ ਟੁੱਟ ਚੁੱਕੀ ਸੀ ਅਤੇ ਉਹ ਗੰਭੀਰ ਦੁੱਖ ਦਾ ਸਾਹਮਣਾ ਕਰ ਰਹੀ ਸੀ। ਉਸ ਨੇ ਕੁਝ ਅਜਿਹੀਆਂ ਗੱਲਾਂ ਕਹੀਆਂ ਜੋ ਅਣਉਚਿਤ ਸਨ। ਕੀ ਤੁਸੀਂ ਕਦੇ ਅਜਿਹਾ ਕੁਝ ਕਿਹਾ ਹੈ ਜਿਸ ਦਾ ਬਾਅਦ ਵਿਚ ਤੁਹਾਨੂੰ ਪਛਤਾਵਾ ਹੋਇਆ ਹੋਵੇ?

*... ਇਹ ਜਾਣਨ ਲਈ ਕਿ ਤੁਸੀਂ ਉਹ ਹੋ ਜਿਸ ਤੇ ਪਰਮੇਸ਼ੁਰ ਭਰੋਸਾ ਕਰ ਰਿਹਾ ਹੈ?* ਆਪਣੀ ਪੁਸਤਕ *ਲਾਈਫ਼ ਆਨ ਦਿ ਐਸ਼ ਹੀਪ* ਵਿਚ, ਜਿਮ ਮੈਕਗਿਉਗਨ ਨੇ ਕਿਹਾ, "ਹਾਲਾਂਕਿ ਅੱਯੂਬ ਨੂੰ ਇਹ ਨਹੀਂ ਪਤਾ ਸੀ, ਉਹ ਉਸ ਦੇ ਪਰਮੇਸ਼ੁਰ ਦੀ ਲੜਾਈ ਲੜ ਰਿਹਾ ਸੀ।"[11] ਜਿਹੜੇ ਸਾਡੇ ਮਗਰ ਆਉਂਦੇ ਹਨ ਸਾਨੂੰ ਵਫ਼ਾਦਾਰ ਪਾ ਸਕਣ। ਸਾਡੇ ਭਗਤੀ ਵਾਲੇ ਜੀਵਨ ਉਨ੍ਹਾਂ ਨੂੰ ਪਰਮੇਸ਼ੁਰ ਤੇ ਭਰੋਸਾ ਰੱਖਣ ਅਤੇ ਉਸ ਦੇ ਆਗਿਆਕਾਰੀ ਰਹਿਣ ਲਈ ਪ੍ਰੇਰਿਤ ਕਰਨ। ਕੀ ਪਰਮੇਸ਼ੁਰ ਸਾਡੇ ਤੇ ਭਰੋਸਾ ਕਰ ਸਕਦਾ ਹੈ? ਐਫ. ਮਿਲਜ਼

### "ਸਹੀ ਸਮਾਂ" (2:1-8)

ਇਹ ਤੱਥ ਕਿ ਸ਼ਤਾਨ ਅੱਯੂਬ ਨੂੰ ਪਹਿਲੇ ਅਧਿਆਇ ਵਿਚ ਇਸ ਤਰ੍ਹਾਂ ਦਾ ਵਿਨਾਸ਼ਕਾਰੀ ਝਟਕਾ ਦੇ ਕੇ ਅੱਯੂਬ ਨੂੰ ਦੁਬਾਰਾ ਪਰਤਾਉਣ ਲਈ ਵਾਪਸ ਆਇਆ ਸੀ ਉਸ ਦੇ ਕਠੋਰ ਚਰਿੱਤਰ ਨੂੰ ਵਿਖਾਉਂਦਾ ਹੈ। ਯਿਸੂ ਨੂੰ ਪਰਤਾਉਣ ਤੋਂ ਬਾਅਦ, "ਕੁਝ ਚਿਰ ਤੀਕਰ ਉਸ ਕੋਲੋਂ ਦੂਰ ਰਿਹਾ" (ਲੂਕਾ 4:13)। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਯਿਸੂ ਆਪਣੀ ਪੂਰੀ ਸੇਵਕਾਈ ਦੌਰਾਨ ਦੁਸ਼ਟ ਦੁਆਰਾ ਪਰਤਾਇਆ ਗਿਆ ਸੀ, ਜੋ ਕਿ ਉਸ ਦੇ ਸੰਤਾਪ ਵਿਚ ਜਾ ਕੇ ਖਤਮ ਹੋਇਆ ਸੀ। ਕੋਈ ਅਜਿਹੇ ਪਰਤਾਵਿਆਂ ਦਾ ਤੀਬਰਤਾ ਦੀ ਕਲਪਨਾ ਕਰ ਸਕਦਾ ਹੈ ਜਦੋਂ ਯਿਸੂ ਨੇ ਗਥਸਮਨੀ ਬਾਗ ਵਿਚ ਪ੍ਰਾਰਥਨਾ ਕਰਦਿਆਂ, ਪਿਲਾਤੁਸ ਸਾਹਮਣੇ ਪੇਸ਼ੀ ਦੌਰਾਨ ਅਤੇ ਗਲਗਥਾ ਦੀ ਸਲੀਬ ਉੱਤੇ ਦੁੱਖ ਝੱਲਦਿਆਂ ਪਿਤਾ ਦੀ ਮਰਜ਼ੀ ਨੂੰ ਪੂਰਾ ਕਰਨ ਦਾ ਪੱਕਾ ਇਰਾਦਾ ਕੀਤਾ ਸੀ।

ਸ਼ਤਾਨ ਅੱਜ ਵੀ "ਸਹੀ ਸਮੇਂ" ਦੀ ਭਾਲ ਕਰਕੇ ਸਾਡੇ ਤੇ ਹਮਲਾ ਕਰਨਾ ਜਾਰੀ ਰੱਖਦਾ ਹੈ। ਉਹ ਉਸ ਸਮੇਂ ਸਾਡੇ ਤੇ ਹਮਲਾ ਕਰਦਾ ਹੈ ਜਦੋਂ ਅਸੀਂ ਕਮਜ਼ੋਰ ਅਤੇ ਨਿਰਬਲ ਹੁੰਦੇ ਹਾਂ। ਇਸੇ ਲਈ ਸਾਨੂੰ "ਸੁਚੇਤ ਰਹਿਣ" ਦੀ ਸਲਾਹ ਦਿੱਤੀ ਜਾਂਦੀ ਹੈ (1 ਪਤਰਸ 5:8)। ਯਾਕੂਬ ਨੇ ਲਿਖਿਆ, "ਉਪਰੰਤ ਤੁਸੀਂ ਪਰਮੇਸ਼ੁਰ ਦੇ ਅਧੀਨ ਹੋਵੋ। ਪਰ ਸ਼ਤਾਨ ਦਾ ਸਾਹਮਣਾ ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ" (ਯਾਕੂਬ 4:7)। ਮਸੀਹੀ ਜੀਵਨ ਇਕ ਆਤਮਿਕ ਲੜਾਈ ਹੈ ਜਿਸ ਵਿਚ ਸਫ਼ਲਤਾ ਪਾਉਣ ਲਈ ਨਿਰੰਤਰ ਚੌਕਸੀ ਅਤੇ ਸਹੀ ਹਥਿਆਰ ਜ਼ਰੂਰੀ ਹੁੰਦੇ ਹਨ (ਅਫ਼ਸੀਆਂ 6:10-20)।

### ਹਰ ਮਨੁੱਖ ਦੀ ਆਪਣੀ ਕੀਮਤ ਹੁੰਦੀ ਹੈ (2:4)

ਸ਼ਤਾਨ ਨੇ ਕਲਪਨਾ ਕੀਤੀ ਸੀ ਕਿ ਅੱਯੂਬ ਆਪਣੀ ਜਾਨ ਬਚਾਉਣ ਲਈ ਆਪਣਾ ਸਭ ਕੁਝ (ਬੱਚੇ, ਨੌਕਰ ਚਾਕਰ, ਇੱਜੜ ਅਤੇ ਪਸ਼ੂ) ਕੁਰਬਾਨ ਕਰ ਦੇਵੇਗਾ (2:4)। ਦੂਜੇ ਸ਼ਬਦਾਂ ਵਿਚ, ਸ਼ਤਾਨ ਅੱਯੂਬ ਦੇ ਆਤਮ-ਸੁਆਰਥੀ ਅਤੇ ਆਤਮ-ਰੱਖਿਅਕ ਹੋਣ ਦਾ ਦੋਸ਼ ਲਗਾ ਰਿਹਾ ਸੀ। ਅੱਜ ਕਦੀ ਕਦੀ ਇਹ ਕਿਹਾ ਜਾਂਦਾ ਹੈ ਕਿ "ਹਰ ਮਨੁੱਖ ਦੀ ਆਪਣੀ ਕੀਮਤ ਹੁੰਦੀ ਹੈ।" ਵਿਚਾਰ ਇਹ ਹੈ ਕਿ ਕੋਈ ਵੀ ਵਿਅਕਤੀ ਆਪਣੀ ਈਮਾਨਦਾਰੀ ਨਾਲ ਸਮਝੌਤਾ ਕਰ ਲਵੇਗਾ ਜੇਕਰ ਇਨਾਮ ਕਾਫ਼ੀ ਜ਼ਿਆਦਾ ਹਨ। ਪਰ, ਇਸ ਤਰ੍ਹਾਂ ਦੇ ਲਾਭ ਸਿਰਫ ਅਸਥਾਈ ਹੁੰਦੇ ਹਨ ਅਤੇ ਜਲਦੀ ਹੀ ਖਤਮ ਹੋ ਜਾਂਦੇ ਹਨ। ਯਿਸੂ ਨੇ ਇਹ ਪ੍ਰਸਨ ਪੁੱਛ ਕੇ ਇਸ ਮੁੱਦੇ ਨੂੰ ਠੁਕਰਾ ਦਿੱਤਾ: "ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਦਾ ਨੁਕਸਾਨ ਕਰੇ? ਤਾਂ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ?" (ਮਰਕੁਸ 8:36, 37)। ਮਸੀਹੀ ਹੋਣ ਦੇ ਨਾਤੇ, ਸਾਨੂੰ ਦੁਨਿਆਵੀ ਦ੍ਰਿਸ਼ਟੀਕੋਣ ਤੋਂ ਜੋ "ਲਾਭਕਾਰੀ" ਜਾਪਦਾ ਹੈ ਉਹ ਚੁਣਨ ਦੀ ਬਜਾਇ, ਉਸ ਆਧਾਰ ਤੇ ਨੈਤਿਕ ਚੋਣਾਂ ਕਰਨੀਆਂ ਚਾਹੀਦੀਆਂ ਹਨ ਜੋ ਪਰਮੇਸ਼ੁਰ ਨੂੰ ਪ੍ਰਸੰਨ ਕਰਦੀਆਂ ਹਨ। ਯਿਸੂ ਵਾਂਗ, ਸਾਨੂੰ ਸੱਚਾਈ ਦੇ ਲਈ (ਸਾਡੇ ਜੀਵਨਾਂ ਨੂੰ ਵੀ) ਕੁਰਬਾਨ ਕਰਨ ਦੇ ਲਈ ਤਿਆਰ ਹੋਣਾ ਚਾਹੀਦਾ ਹੈ। ਡੀ. ਸਟੀਵਰਟ

### ਦਿਲਾਸਾ ਦੇਣ ਵਾਲੇ (2:11-13)

ਉਸ ਦੀ ਬਿਪਤਾ ਬਾਰੇ ਸੁਣਨ ਤੋਂ ਬਾਅਦ, ਅੱਯੂਬ ਦੇ ਮਿੱਤਰ ਆਏ ਅਤੇ ਪੂਰਾ ਹਫ਼ਤਾ ਉਸ ਦੇ ਨਾਲ ਚੁੱਪਚਾਪ ਬੈਠੇ ਰਹੇ (2:11-13)। ਕਈ ਵਾਰ ਮਸੀਹੀ ਲੋਕ ਉਨ੍ਹਾਂ ਲੋਕਾਂ ਦੀ ਮਦਦ ਲਈ ਨਹੀਂ ਜਾਂਦੇ ਜਿਹੜੇ ਡੂੰਘੇ ਸੰਕਟ ਵਿਚ ਹੁੰਦੇ ਹਨ ਕਿਉਂਕਿ ਉਹ ਅਜਿਹੇ ਹਾਲਾਤ ਵਿਚ "ਕੀ ਬੋਲਣਾ ਹੈ ਨਹੀਂ ਜਾਣਦੇ।" ਪਰ, ਅਕਸਰ ਸਾਨੂੰ ਕੁਝ ਕਹਿਣ ਦੀ ਜ਼ਰੂਰਤ ਨਹੀਂ ਹੁੰਦੀ। ਸਾਡੀ ਮੌਜੂਦਗੀ ਉਨ੍ਹਾਂ ਲੋਕਾਂ ਲਈ ਇਕ ਵੱਡਾ ਦਿਲਾਸਾ ਹੁੰਦੀ ਹੈ ਜਿਨ੍ਹਾਂ ਨੇ ਗੰਭੀਰ ਬਿਮਾਰੀ ਜਾਂ ਬਹੁਤ ਵੱਡਾ ਨੁਕਸਾਨ ਝੱਲਿਆ ਹੈ। ਪੌਲੁਸ ਰਸੂਲ ਨੇ ਲਿਖਿਆ, "ਅਨੰਦ ਕਰਨ ਵਾਲਿਆਂ ਦੇ ਨਾਲ ਅਨੰਦ ਕਰੋ, ਰੋਣ ਵਾਲਿਆਂ ਨਾਲ ਰੋਵੋ" (ਰੋਮੀਆਂ 12:15)। ਡੀ. ਸ਼ੈਕਲਫੋਰਡ

---

ਟਿੱਪਣੀਆਂ

[1]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੋਧ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿਲ, 2001), 1:749. [2]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 37. [3]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ

ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 82. [4]ਰੌਬਰਟ ਐਲ. ਆਲਡਨ, *ਅੱਯੂਬ,* ਦ ਨਿਊ ਅਮੇਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਅਤੇ ਹੋਲਮੈਨ ਪਬਲਿਸ਼ਰਜ਼, 1993), 67, ਤੇ ਨੰ 51. [5]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ, 1994), 44. [6]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 94. [7]ਟੀ. ਐਚ. ਰੌਬਿਨਸਨ, *ਅੱਯੂਬ ਐਂਡ ਹਿਜ ਫਰੈਂਡਸ* (ਲੰਡਨ: ਐਸਸੀਐਮ ਪ੍ਰੈਸ ਲਿਮਿਟਡ, 1954), 51 ਵੇਖੋ। [8]ਰੌਲੀ, 40. [9]ਹੇਲੀ, 45. [10]ਐਡਗਰ ਏ. ਗੈਸਟ, "ਸਰਮਨ ਵੁਈ ਸੀ," *ਚਰਚ ਬੁਲਿਟਿਨ ਬਿਟਸ,* ਜਿਲਦ 1, ਰਚਨਾ, ਜੌਰਜ ਡਬਲਿਯੂ. ਨਾਈਟ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1976), 57.

[11]ਜਿਮ ਮੈਕਗਿਊਗਨ, *ਲਾਈਫ਼ ਆਨ ਦ ਐਸ਼ ਹੀਪ: ਅੱਯੂਬ ਫਾਈਟਸ ਗੌਡਸ ਬੈਟਲਸ ਫ਼ਾਰ ਹਿਮ* (ਵੈੱਬ ਸਿਟੀ, ਮਿਸੂਰੀ: ਕਵਾਨੈਂਟ ਪਬਲਿਸ਼ਿੰਗ, 2003), 13.